# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ, ਈ. ਬਲਾਕ, 5ਵੀਂ ਮੰਜ਼ਿਲ ਅਜੀਤਗੜ੍ਹ (ਮੋਹਾਲੀ)

ਵੱਲ

**1.ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ) ਪੰਜਾਬ**

**2.ਸਮੂਹ ਪ੍ਰਿੰਸੀਪਲ,ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ-ਪੰਜਾਬ**

**3.ਸਮੂਹ** ਸਰਕਾਰੀ ਹਾਈ/ਸੀਨੀ. ਸੈਕੰਡਰੀ ਸਕੂਲਾਂ ਦੇ ਮੁੱਖੀ

ਮੀਮੋ ਨੰ: ਏ.ਐਸ.ਪੀ.ਡੀ/ਰਮਸਅ/2014/000450
ਮਿਤੀ, ਚੰਡੀਗੜ੍ਹ : 10/2/2014

**ਵਿਸ਼ਾ:-ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰਜ਼ ਨੂੰ ਟ੍ਰੇਨਿੰਗ ਦੇਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਅਤੇ ਸਰਕਾਰੀ ਹਾਈ ਸਕੂਲ ਦੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਸਮੂਹ ਮੈਬਰਾਂ ਨੂੰ ਰਮਸਅ ਤਹਿਤ ਦੋ ਰੋਜ਼ਾ ਟ੍ਰੇਨਿੰਗ ਫਰਵਰੀ 2014 ਦੌਰਾਨ ਕਿਸੇ ਵੀ ਦੋ ਦਿਨ ਸਵੇਰੇ 11:00 ਤੋ ਬਾਅਦ ਦੁਪਿਹਰ 02:00 ਤੱਕ ਕਰਵਾਈ ਜਾਣੀ ਹੈ ।ਇਹ ਟ੍ਰੇਨਿੰਗ ਦੇਣ ਦੀ ਜ਼ਿੰਮੇਵਾਰੀ ਸਬੰਧਤ ਸਕੂਲ ਦੇ ਸਕੂਲ ਮੁੱਖੀ ਦੀ ਹੋਵੇ ਗੀ।ਇਸ ਮੰਤਵ ਲਈ ਉਹ ਆਪਣੇ ਅਧੀਨ ਕਿਸੇ ਵੀ ਸੀਨੀਅਰ ਅਧਿਆਪਕ ਦੀ ਡਿਊਟੀ ਵੀ ਲਗਾ ਸਕਦੇ ਹਨ।ਇਸ ਟਰੇਨਿੰਗ ਲਈ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਗੈਰ ਰਿਹਾਇਸ਼ੀ ਟਰੇਨਿੰਗ ਜੋ ਕਿ ਕੇਵਲ ਐਸ.ਐਮ.ਸੀ ਮੈਂਬਰਾਂ ਨੂੰ ਹੀ ਕਰਵਾਣੀ ਹੈ, ਸਕੂਲ ਪੱਧਰ ਤੇ ਸਕੂਲ ਦੇ ਸਮੇਂ ਦੌਰਾਨ ਹੀ ਕਰਵਾਈ ਜਾ ਸਕਦੀ ਹੈ।

2.ਗੈਰ ਰਿਹਾਇਸ਼ੀ ਟਰੇਨਿੰਗ ਲਈ ਰੁ:300/- ਪ੍ਰਤੀ ਦਿਨ ਪ੍ਰਤੀ ਮੈਂਬਰ ਦੇ ਹਿਸਾਬ ਨਾਲ ਕੁੱਲ 10 ਮੈਂਬਰਾਂ ਲਈ 2 ਦਿਨਾਂ ਦੀ ਟਰੇਨਿੰਗ ਮੰਜੂਰ ਕੀਤੀ ਗਈ ਹੈ।

3.ਗੈਰ ਰਿਹਾਇਸ਼ੀ ਟਰੇਨਿੰਗ ਦਾ ਸਮਾਂ ਫਰਵਰੀ ਮਹੀਨੇ ਵਿੱਚ ਨਿਰਧਾਰਿਤ ਕੀਤਾ ਗਿਆ ਹੈ।ਇਸ ਸਮੇਂ ਦੌਰਾਨ ਕਰਵਾਈਆਂ ਜਾਣ ਵਾਲੀਆਂ ਗੈਰ ਰਿਹਾਇਸ਼ੀ ਟਰੇਨਿਗਜ਼ ਦਾ tentative schedule ਹਰ ਜ਼ਿਲ੍ਹੇ ਵੱਲੋਂ ਆਪਣੀ ਸੁਵਿਧਾ ਅਨੁਸਾਰ ਬਣਾਇਆ ਜਾਵੇਗਾ, ਜ਼ਿਲ੍ਹੇ ਵੱਲੋਂ ਬਣਾਏ ਗਏ ਸ਼ਡਿਊਲ ਦੀ ਕਾਪੀ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

4. ਇਨ੍ਹਾਂ ਮੀਟਿੰਗਾਂ ਦੌਰਾਨ ਐਸ.ਐਮ.ਸੀ. ਦੇ 10 ਮੈਂਬਰ ਹੀ ਹਾਜ਼ਰ ਹੋ ਸਕਦੇ ਹਨ।

5. ਇਨ੍ਹਾ ਮੀਟਿੰਗਾਂ ਦਾ ਏਜੰਡਾ ਪੂਰੇ ਸੈਸ਼ਨ ਦੌਰਾਨ ਸਕੂਲ ਦੀ ਕਾਰਗੁਜ਼ਾਰੀ ਦੀ ਰਿਪੋਰਟ ਪੜ੍ਹਨਾ ਅਤੇ ਰਹਿ ਗਏ ਟੀਚਿਆਂ ਬਾਰੇ ਵਿਚਾਰ ਕਰਨਾ ਹੋਵੇਗਾ।

6.ਸਕੂਲ ਪੱਧਰੀ ਕਰਵਾਈਆਂ ਜਾਣ ਵਾਲੀਆਂ ਗਤੀਵਿਧੀ,ਆਂ ਰੂਪਰੇਖਾ ਉਲੀਕਣਾ, ਗੁਣਾਤਮਕ ਸਿੱਖਿਆ ਬਾਰੇ ਵਿਚਾਰ ਕਰਨਾ ਅਤੇ ਆਰ.ਟੀ.ਈ.2009 ਅਤੇ ਵਿਭਾਗ ਦੀ ਹੋਰ ਸਾਰੀਆਂ ਸਕੀਮਾਂ ਦੇ ਸੰਦਰਭ ਵਿੱਚ ਵਿਚਾਰ ਆਦਿ ਕਰਨਾ ਹੋਵੇਗਾ ਜਿਸ ਵਿੱਚ ਹੇਠ ਦਰਸਾਏ ਨੁਕਤਿਆਂ ਤੇ ਸਿਖਲਾਈ ਦਿੱਤੀ ਜਾ ਸਕਦੀ ਹੈ:-

i. ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਬਾਰੇ ਜਾਣਕਾਰੀ

ii. ਇਸ ਅਭਿਆਨ ਨੂੰ ਲਾਗੂ ਕਰਣ ਹਿਤ ਐਸ.ਐਮ.ਸੀ ਦੀ ਬਣਤਰ ਅਤੇ ਜ਼ਿੰਮੇਵਾਰੀਆਂ

iii. ਰਮਸਅ ਤਹਿਤ ਚੱਲ ਰਹੀਆਂ ਵੱਖ ਵੱਖ ਸਕੀਮਾਂ ਦੀ ਜਾਣਕਾਰੀ

iv. ਰਮਸਅ ਤਹਿਤ ਸਕੂਲਾਂ ਦੀ ਦਰਜਾਬੰਦੀ (ਮਿਡਲ ਤੋਂ ਹਾਈ) ਵਧਾਉਣ ਲਈ ਸ਼ਰਤਾਂ

v. ਸਰਕਾਰ ਵੱਲੋ ਵਿਦਿਆਰਥੀਆਂ/ਵਿਦਿਆਰਥਣਾਂ ਨੂੰ ਦਿੱਤੇ ਜਾਣ ਵਾਲਾ ਵਜੀਫਾ ਸਕੀਮਾਂ

vi. ਆਰ.ਟੀ.ਈ ਦੀ ਜਾਣਕਾਰੀ

vii. ਟ੍ਰੈਫਿਕ ਰੂਲਜ਼

viii. ਵਾਤਾਵਰਣ ਜਾਗਰੂਕਤਾ

ix. ਨਸ਼ਾ ਰਹਿਤ ਸਮਾਜ ਕਿਵੇ ਬਣਾਈਏ

x. ਲੜਕੀਆਂ ਲਈ ਸਵੈ ਸੁਰੱਖਿਆ ਕਿਵੇ

xi. ਸਕੂਲ ਨੂੰ ਆਤਮ ਨਿਰਭਰ ਬਣਾਉਣ ਲਈ ਵੱਖ ਵੱਖ ਤਰਾਂ ਦਾ ਸਹਿਯੋਗ ਹਾਸਲ ਕਰਨ ਸੰਬੰਧੀ

xii. ਸਕੂਲ ਸੰਪਤੀ ਦੀ ਸਾਂਭ ਸੰਭਾਲ ਕਿਵੇਂ

xiii. ਸਰਕਾਰੀ ਮਾਡਲ/ਆਦਰਸ਼ ਸਕੂਲਾਂ ਸੰਬੰਧੀ ਜਾਣਕਾਰੀ।

xiv. ਲੜਕੀਆਂ ਦੇ ਲਈ ਹੋਸਟਲਾਂ ਦਾ ਪ੍ਰਬੰਧ(ਕੇ.ਜੀ.ਬੀ.ਵੀ ਅਤੇ ਰਮਸਅ ਤਹਿਤ ਹੋਸਟਲ)

xv. ਹੁਸ਼ਿਆਰ ਬੱਚਿਆਂ ਲਈ ਵਿਸ਼ੇਸ਼ ਸਕੂਲਾਂ ਦਾ ਪ੍ਰਬੰਧ

xvi. ਨਕਲ ਰਹਿਤ ਪ੍ਰੀਖਿਆਵਾਂ ਕਿਵੇਂ

xvii. ਖੇਡਾਂ ਨੂੰ ਪ੍ਰਫੁਲਤ ਕਰਨ ਸੰਬੰਧੀ

xviii. ਅਧਿਆਪਕਾਂ ਲਈ ਨਵੀਆਂ ਤਕਨੀਕਾਂ ਸਹਿਤ ਸਿਖਲਾਈ ਪ੍ਰੋਗਰਾਮਾਂ ਬਾਰੇ ਜਾਗਰੂਕਤਾ

xix. ਸਕੂਲ ਮੁੱਖੀਆਂ ਨੂੰ ਸੰਸਥਾ ਪ੍ਰਬੰਧਾਂ ਵਿੱਚ ਆਉਂਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਣ ਲਈ ਵਿਸ਼ੇਸ਼ ਟ੍ਰੇਨਿੰਗ ਦਾ ਆਯੋਜਨ

xx. ਵਿਦਿਆਰਥੀਆਂ ਲਈ ਵੱਖ ਵੱਖ ਤਰਾਂ ਦੀਆਂ ਪ੍ਰਤੀਯੋਗਤਾਵਾਂ ਦਾ ਆਯੋਜਨ(ਸਾਇੰਸ, ਮੈਥ, ਐਸ.ਐਸ.ਅਤੇ ਇੰਗਲਿਸ਼ ਕੁਇਜ਼ ਮੁਕਾਬਲੇ,ਆਰਟ ਐਂਡ ਕਰਾਫਟ ਮੁਕਾਬਲੇ,ਖੇਡਾਂ ਦੇ ਮੁਕਾਬਲੇ ਆਦਿ

xxi. ਸਕੂਲ ਪੱਧਰ ਤੇ ਪੜ੍ਹਾਈ ਨੂੰ ਪ੍ਰਫੁੱਲਤ ਕਰਨ ਲਈ ਸਮਾਰਟ ਸਕੂਲ ,ਐਜੂਸੈਟ,ਕੇਯਾਨ,ਕੰਪਿਊਟਰ ਐਜੂਕੇਸ਼ਨ,ਡਿਜੀਟਲ ਲਾਈਬ੍ਰੇਰੀ ਸੁਵਿਧਾਵਾਂਬਾਰੇ ਜਾਣਕਾਰੀ

xxii. ਨੌਂਵੀ ਅਤੇ ਦਸਵੀ ਦੇ ਵਿਦਿਆਰਥੀਆਂ ਨੂੰ ਡਿਕਸ਼ਨਰੀਆਂ ਉਪਲੱਬਧਤਾ ਬਾਰੇ ਜਾਣਕਾਰੀ

xxiii. ਨੌਂਵੀ ਅਤੇ ਦਸਵੀ ਦੇ ਵਿਦਿਆਰਥੀਆਂ ਲਈ ਵਿਦਿੱਅਕ ਟੂਰ ਕਰਵਾਉਣੇ

xxiv. ਸੈਕੰਡਰੀ ਅਧਿਆਪਕਾਂ ਲਈ ਸਟੱਡੀ ਟੂਰ ਕਰਵਾਉਣੇ

xxv. ਸਾਇੰਸ ਮੇਲਿਆਂ ਦਾ ਆਯੋਜਨ

xxvi. ਨੌਂਵੀ ਦਸਵੀ ਦੇ ਸਿੱਖਿਆਂ ਪੱਖੋ ਪੱਛੜੇ ਵਿਦਿਆਰਥੀਆਂ ਨੂੰ ਰੈਮੀਡੀਅਲ ਕੋਚਿੰਗ

xxvii. ਪੁਸਤਕ ਮੇਲੇ

xxviii. ਆਈ.ਈ.ਡੀ.ਐਸ.ਐਸ. ਤਹਿਤ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਸਕੀਮਾਂ ਅਤੇ ਵਜੀਫੇ

xxix. ਸਕੂਲ ਮੈਗਜ਼ੀਨ

xxx. ਸੈਕੰਡਰੀ ਸਕੂਲਾਂ ਲਈ ਸਾਇੰਸ ਲੈਬ/ਲਾਇਬ੍ਰੇਰੀ/ਵਾਧੂ ਸ਼੍ਰੇਣੀ ਕਮਰੇ ਆਰਟ ਐਡ ਕਰਾਫਟ ਰੂਮਾਂ ਦੇ ਨਿਰਮਾਣ ਲਈ ਫੰਡਜ਼ ਉਪਲਬਧ ਕਰਵਾਉਣੇ

xxxi. ਸਕੂਲਾਂ ਲਈ ਟੁਆਇਲਟਸ ਅਤੇ ਪੀਣ ਵਾਲੇ ਪਾਣੀ ਦੀ ਉਪਲੱਬਧਤਾ ਬਾਰੇ।

xxxii. ਸਕੂਲਾਂ ਦੀ ਮਾਈਨਰ ਅਤੇ ਮੇਜਰ ਰਿਪੇਅਰ ਲਈ ਫੰਡਜ਼ ਉਪਲਬਧ ਕਰਵਾਉਣੇ

xxxiii. ਸਕੂਲਾਂ ਨੂੰ ਬਿਜਲੀ ,ਪਾਣੀ,ਸਟੇਸ਼ਨਰੀ,ਟੈਲੀਫੋਨ ਬਿਲ ਅਤੇ ਹੋਰ ਫੁਟਕਲ ਖਰਚਿਆਂ ਲਈ 50000/- ਪ੍ਰਤੀ ਸਕੂਲ ਪ੍ਰਤੀ ਸਾਲ

xxxiv. ਸਕੂਲਾਂ ਲਈ ਚਾਰ ਦਿਵਾਰੀ ਅਤੇ ਅਪਰ ਪ੍ਰਾਈਮਰੀ ਤੱਕ ਦੇ ਵਿਦਿਆਰਥੀਆਂ ਲਈ ਮਿਡ ਡੇ ਮੀਲ ਅਤੇ ਵਰਦੀਆਂ ਲਈ ਫੰਡਜ਼ ਉਪਲਬਧ ਕਰਵਾਉਣ

xxxv. ਕਿੱਤਾ ਮੁੱਖੀ ਸਿੱਖਿਆ ਲਈ ਵਿਸ਼ੇਸ਼ ਸਕੂਲਾਂ ਵਿੱਚ ਕਿੱਤਾ ਮੁੱਖੀ ਵਿਸ਼ਿਆਂ ਦਾ ਪ੍ਰਬੰਧ ਬਾਰੇ।

xxxvi. ਸਕੂਲੋਂ ਵਿਰਵੇ ਬੱਚਿਆਂ ਅਤੇ ਸਕੂਲੋਂ ਹਟੇ ਬੱਚਿਆਂ ਨੂੰ ਮੁੜ ਸਕੂਲਾਂ ਵਿੱਚ ਦਾਖਲ ਕਰਣ ਲਈ ਐਸ.ਐਮ.ਸੀ ਵੱਲੋ ਕਿੱਤੇ ਜਾਣ ਵਾਲੇ ਉਪਰਾਲੇ ਅਤੇ ਜ਼ਿੰਮੇਵਾਰੀ

xxxvii. ਟ੍ਰੇਨਿੰਗ ਦੇ ਦੂਸਰੇ ਦਿਨ ਟ੍ਰੇਨਿੰਗ ਪੂਰੀ ਹੋਣ ਉਪਰੰਤ ਐਸ.ਐਮ.ਸੀ ਮੈਬਰਜ਼ ਵੱਲੋ ਫੀਡ ਬੈਕ (ਭਾਵ ਇਸ ਟ੍ਰੇਨਿੰਗ ਦਾ ਕੀ ਲਾਭ ਹੋਇਆ ) ਪ੍ਰਾਪਤ ਕਰਨੀ।

7.ਇਹਨਾਂ ਮਹੀਨਾਵਾਰ ਮੀਟਿੰਗਾਂ ਦੌਰਾਨ ਸਕੂਲ ਪੱਧਰ ਤੇ ਬੱਚਿਆਂ ਦੀਆਂ ਸਹਿ-ਅਕਾਦਮਿਕ ਗਤੀਵਿਧੀਆਂ ਕਰਵਾਈਆਂ ਜਾ ਸਕਦੀਆਂ ਹਨ, ਜਿਵੇ ਸੁਲੇਖ ਮੁਕਾਬਲਾ, ਡਰਾਇੰਗ ਮੁਕਾਬਲਾ, ਖੇਡਾਂ ਆਦਿ। ਇਹਨਾਂ ਗਤੀਵਿਧੀਆਂ ਵਿੱਚੋਂ ਪਹਿਲਾ ਤਿੰਨ ਸਥਾਨਾਂ ਤੇ ਰਹਿਣ ਵਾਲੇ ਬੱਚਿਆਂ ਨੂੰ ਕੋਈ ਇਨਾਮ ਦੇ ਕੇ ਉਹਨਾਂ ਦੀ ਹੌਂਸਲਾ ਅਫ਼ਜਾਈ ਕੀਤੀ ਜਾ ਸਕਦੀ ਹੈ।

8. ਹਾਜਰ ਮੈਬਰਾਂ ਨੂੰ ਚਾਹ-ਰਿਫਰੈਸ਼ਮੈਂਟ/ਦੁਪਹਿਰ ਦਾ ਖਾਣਾ ਦਿੱਤਾ ਜਾਵੇਗਾ।

9. ਇਸ ਕਾਰਜ ਲਈ ਭਾਈਚਾਰੇ ਵਿੱਚੋਂ ਕਿਸੀ ਪ੍ਰੋਫੈਸ਼ਨਲ ਨੂੰ ਬੁਲਾਕੇ ਉਸ ਦਾ ਲੈਕਚਰ ਵੀ ਕਰਵਾਇਆ ਜਾ ਸਕਦਾ ਹੈ ਪਰੰਤੂ ਕੋਸ਼ਿਸ਼ ਕੀਤੀ ਜਾਵੇ ਕਿ ਰਿਸੋਰਸ ਪਰਸਨ ਵਿਭਾਗ ਵਿੱਚੋਂ ਲਿਆ ਜਾਵੇ।

10. ਇਹਨਾਂ ਟਰੇਨਿੰਗ ਦੀ ਮੋਨੀਟਰਿੰਗ ਰਾਜ, ਜ਼ਿਲ੍ਹਾ ਪੱਧਰ ਤੇ ਗਠਿਤ ਟੀਮਾਂ ਵਿੱਚੋਂ ਕੀਤੀ ਜਾਵੇਗੀ।

11. ਇਸ ਤੋਂ ਇਲਾਵਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਵਰਤੋਂ ਦਾ ਸਰਟੀਫੀਕੇਟ ਹੇਠਾ ਨਿਰਧਾਰਿਤ ਪ੍ਰੋਫਾਰਮੇ ਵਿੱਚ ਭੇਜਣਾ ਯਕੀਨੀ ਬਣਾਉਣ। ਵਿੱਤੀ ਸਾਲ 2013-14 ਦੌਰਾਨ ਐਸ.ਐਮ.ਸੀ ਟਰੇਨਿੰਗ ਸੰਬੰਧੀ ਮਿੱਥੇ ਟੀਚੀਆਂ ਦੀ ਪ੍ਰਾਪਤੀ ਸੰਬੰਧੀ ਰਿਪੋਰਟ ਭੇਜਣ ਲਈ ਪ੍ਰੋਫੋਰਮਾ।

| ਜ਼ਿਲ੍ਹੇ ਦਾ ਨਾਮ | ਮਿਥੇ ਗਏ ਟੀਚੇ ਭੌਤਿਕ/ਵਿੱਤੀ | ਪ੍ਰਾਪਤ ਕੀਤੇ ਟੀਚੇ ਭੌਤਿਕ/ਵਿੱਤੀ | ਅਣਵਰਤੀ ਰਾਸ਼ੀ ਜੇ ਕੋਈ ਹੋਵੇ | ਟੀਚੇ ਪੂਰੇ ਨਾ ਕਰਨ ਦੇ ਕਾਰਨ | ਵਿਸ਼ੇਸ਼ ਕਥਨ |
|---|---|---|---|---|---|
| | | | | | |

ਜ਼ਿਲ੍ਹੇਵਾਰ ਗ੍ਰਾਂਟ ਦੀ distribution ਹੇਠ ਲਿਖੇ ਅਨੁਸਾਰ ਹੈ:-

**Physical & Financial Proposal for 2 Days SMC Training**

| S.No | District | No. of Schools/SMCs | Approved Unit Cost @ Rs.300 per day for 10 members per SMC for two days(Rs. In Lacs) | Total Amount to be Disbursed to the Districts (Rs. In Lacs) |
|---|---|---|---|---|
| 1 | AMRITSAR | 202 | 0.06 | 12.12 |
| 2 | BARNALA | 86 | 0.06 | 5.16 |
| 3 | BATHINDA | 175 | 0.06 | 10.50 |
| 4 | FARIDKOT | 74 | 0.06 | 4.44 |
| 5 | FATEHGARH SAHIB | 81 | 0.06 | 4.86 |
| 6 | FAZILKA | 124 | 0.06 | 7.44 |
| 7 | FIROZPUR | 112 | 0.06 | 6.72 |
| 8 | GURDASPUR | 195 | 0.06 | 11.70 |
| 9 | HOSHIARPUR | 251 | 0.06 | 15.06 |
| 10 | JALANDHAR | 262 | 0.06 | 15.72 |
| 11 | KAPURTHALA | 124 | 0.06 | 7.44 |
| 12 | LUDHIANA | 329 | 0.06 | 19.74 |
| 13 | MANSA | 118 | 0.06 | 7.08 |
| 14 | MOGA | 154 | 0.06 | 9.24 |
| 15 | MOHALI | 98 | 0.06 | 5.88 |
| 16 | MUKTSAR | 131 | 0.06 | 7.86 |
| 17 | NAWANSHAHR | 101 | 0.06 | 6.06 |
| 18 | PATHANKOT | 69 | 0.06 | 4.14 |
| 19 | PATIALA | 181 | 0.06 | 10.86 |
| 20 | RUPNAGAR | 104 | 0.06 | 6.24 |
| 21 | SANGRUR | 200 | 0.06 | 12.00 |
| 22 | TARAN TARAN | 162 | 0.06 | 9.72 |
| | **Grand Total** | **3333** | | **199.98** |

ਇਸ ਦਫ਼ਤਰ ਵੱਲੋਂ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਆਪ ਨੂੰ ਇਸ ਦੇ ਨਾਲ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਟਰੇਨਿੰਗ ਵਿੱਚ ਨਿਜੀ ਸ਼ਮੂਲੀਅਤ ਅਤੇ ਧਿਆਨ ਦਿੱਤਾ ਜਾਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਹਨਾਂ ਟਰੇਨਿੰਗ ਦਾ ਮੁੱਖ ਉਦੇਸ਼ ਪੂਰਾ ਹੋ ਸਕੇ।

ਪ੍ਰਮੁੱਖ ਸਕੱਤਰ ਸਕੂਲ ਸਿੱਖਿਆ,
ਪੰਜਾਬ

ਪਿੱਠ ਅੰਕਣ ਨੰ: ਏ.ਐਸ.ਪੀ.ਡੀ./ਰਮਸਅ/2014/ ਮਿਤੀ ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਨੋਟਿਸ ਬੋਰਡ,ਵੈਬ ਸਾਇਟ, ਅਤੇ ਡਾਕ ਰਾਹੀ ਭੇਜਿਆ ਜਾਂਦਾ ਹੈ:

1.ਡੀ.ਐਮ.(ਐਮ.ਆਈ.ਐਸ.) ਵੈਬ ਸਾਈਟ ਤੇ ਪਾਉਣ ਹਿਤ।

2.ਸਮੂਹ ਜ਼ਿਲ੍ਹਾ ਕੋਆਰਡੀਨੇਟਰ (ਆਰ.ਟੀ.ਈ.ਅਤੇ ਕੰਮਿਊਨਿਟੀ ਮੋਬਲਾਈਜੇਸ਼ਨ)

ਪ੍ਰਮੁੱਖ ਸਕੱਤਰ ਸਕੂਲ ਸਿੱਖਿਆ,
ਪੰਜਾਬ